# ਖੋਜ ਦਰਸਾਉਂਦੀ ਹੈ ਕਿ 5 ਸਾਲ ਜਾਂ ਉਸ ਤੋਂ ਵੀ ਪਹਿਲਾਂ FOODSAFE LEVEL ONE ਕੋਰਸ ਕਰ ਚੁੱਕੇ ਵਿਅਕਤੀਆਂ ਵਿੱਚੋਂ 95% ਵਿਅਕਤੀ ਅੱਜ ਇਸ ਦੀ ਪ੍ਰੀਖਿਆ ਵਿੱਚ ਪਾਸ ਨਹੀਂ ਹੋਣਗੇ

ਇਸ ਲਈ 29 ਜੁਲਾਈ 2013 ਤੋਂ, ਬੀ.ਸੀ. ਵਿੱਚ ਜਾਰੀ ਕੀਤੇ ਜਾਣ ਵਾਲੇ FOODSAFE Level 1 ਸਰਟੀਫ਼ਿਕੇਟਾਂ ਦੀ ਮਿਆਦ ਪੰਜ-ਸਾਲ ਦੀ ਹੋਵੇਗੀ।

## ਆਧੁਨਿਕੀਕਰਨ

ਆਪਣੇ FOODSAFE Level 1 ਸਰਟੀਫ਼ਿਕੇਟ ਨੂੰ ਰਿਫ਼ਰੈਸ਼ ਕਰ ਕੇ ਤੁਸੀਂ ਅਤੇ ਤੁਹਾਡਾ ਸਟਾਫ਼ ਆਪਣੇ ਗਾਹਕਾਂ ਨੂੰ ਭੋਜਨ ਰਾਹੀਂ ਫੈਲਣ ਵਾਲੀਆਂ ਬਿਮਾਰੀਆਂ ਤੋਂ ਬਚਾ ਸਕਦੇ ਹੋ!

## FOODSAFE Level 1 ਰਿਫ਼ਰੈਸ਼ਰ ਕੋਰਸ

ਜਿਹੜੇ ਵਿਅਕਤੀਆਂ ਕੋਲ FOODSAFE Level 1 ਸਰਟੀਫ਼ਿਕੇਟ ਹੈ, ਉਹ 2-3 ਘੰਟੇ ਦੇ ਆਨਲਾਈਨ ਰਿਫ਼ਰੈਸ਼ਰ ਕੋਰਸ ਰਾਹੀਂ ਖਾਣੇ ਦੀ ਸੁਰੱਖਿਆ ਸੰਬੰਧੀ ਆਪਣੇ ਗਿਆਨ ਨੂੰ ਛੇਤੀ ਅਤੇ ਆਸਾਨੀ ਨਾਲ ਸੱਜਰਾ ਕਰ ਸਕਣਗੇ ਅਤੇ ਆਪਣਾ ਸਰਟੀਫ਼ਿਕੇਟ ਨਵਿਆ ਸਕਣਗੇ। ਰਿਫ਼ਰੈਸ਼ਰ ਕੋਰਸ ਦੀ ਸ਼ੁਰੂਆਤ ਸਤੰਬਰ 2013 ਤੋਂ ਕੀਤੀ ਜਾਵੇਗੀ।

## ਰਿਫ਼ਰੈਸ਼ਰ ਕੋਰਸ ਦੀ ਪ੍ਰੀਖਿਆ

FOODSAFE ਰਿਫ਼ਰੈਸ਼ਰ ਕੋਰਸ ਦੇ ਵਿਦਿਆਰਥੀਆਂ ਲਈ ਲਾਜ਼ਮੀ ਹੈ ਕਿ ਉਹ ਕੰਪਿਊਟਰ ਰਾਹੀਂ ਲਈ ਜਾਣ ਵਾਲੀ ਪ੍ਰੀਖਿਆ ਵਿੱਚ 80% ਜਾਂ ਇਸ ਤੋਂ ਜ਼ਿਆਦਾ ਨੰਬਰ ਲੈਣ। ਜਿਹੜੇ ਵਿਦਿਆਰਥੀਆਂ ਦੇ ਘੱਟ ਨੰਬਰ ਆਉਣਗੇ, ਸਰਟੀਫ਼ਿਕੇਟ ਹਾਸਲ ਕਰਨ ਲਈ ਉਨ੍ਹਾਂ ਨੂੰ ਪੂਰਾ FOODSAFE ਕੋਰਸ ਦੁਬਾਰਾ ਕਰਨ ਦੀ ਹਦਾਇਤ ਦਿੱਤੀ ਜਾਵੇਗੀ।

## FOODSAFE ਸਰਟੀਫ਼ਿਕੇਟਾਂ ਦੀ ਪ੍ਰਮਾਣਕਤਾ

ਮੌਜੂਦਾ FOODSAFE ਸਰਟੀਫ਼ਿਕੇਟ 29 ਜੁਲਾਈ 2018 ਤਕ ਪ੍ਰਮਾਣਕ ਰਹਿਣਗੇ, ਪਰ ਪੰਜ ਸਾਲਾਂ ਤਕ ਭੋਜਨ ਦੀ ਸੁਰੱਖਿਆ ਸੰਬੰਧੀ ਯਾਦ ਰੱਖਣ ਯੋਗ ਅਨੇਕਾਂ ਗੱਲਾਂ ਹਨ। FOODSAFE ਕੋਰਸ ਵਿੱਚ ਦੱਸੀਆਂ ਗੱਲਾਂ ਨੂੰ ਛੇਤੀ ਰੀਵਿਊ ਕਰਨ ਨਾਲ ਤੁਹਾਨੂੰ ਅਤੇ ਤੁਹਾਡੇ ਸਟਾਫ਼ ਨੂੰ ਫ਼ਾਇਦਾ ਹੋਵੇਗਾ। ਤੁਹਾਡੇ ਗਾਹਕ ਤੁਹਾਡਾ ਧੰਨਵਾਦ ਕਰਨਗੇ!

## ਜ਼ਿਆਦਾ ਜਾਣਕਾਰੀ ਲਈ

FOODSAFE Level 1 ਰਿਫ਼ਰੈਸ਼ਰ ਕੋਰਸ ਲਈ ਆਪਣਾ ਨਾਂ ਲਿਖਵਾਉਣ ਸੰਬੰਧੀ ਜ਼ਿਆਦਾ ਜਾਣਨ ਲਈ www.foodsafe.ca/refresher ’ਤੇ ਜਾਓ।

ਜੇ FOODSAFE ਜਾਂ FOODSAFE ਰਿਫ਼ਰੈਸ਼ਰ ਕੋਰਸ ਬਾਰੇ ਤੁਹਾਡੇ ਕੋਈ ਸਵਾਲ ਹਨ ਤਾਂ ਆਪਣੀ ਰੀਜਨਲ ਹੈਲਥ ਅਥਾਰਿਟੀ ਜਾਂ ਆਪਣੇ ਸਥਾਨਕ ਐਨਵਾਇਰਨਮੈਂਟਲ ਹੈਲਥ ਅਫ਼ਸਰ ਨਾਲ ਸੰਪਰਕ ਕਰੋ।

# *ਤੁਸੀਂ* ਪਿਛਲੀ ਵਾਰੀ FOODSAFE ਕੋਰਸ ਕਦੋਂ ਕੀਤਾ ਸੀ?

Interior Health

MAKES GOOD FOOD SAFE FOOD BETTER™